# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਪੰਜਾਬ।

ਮੀਮੋ ਨੰ:ਐਸਐਸਏ/ਐਮਸੀ/2009/80784-80804
ਮਿਤੀ,ਚੰਡੀਗੜ੍ਹ 22 ਦਸੰਬਰ,2009

**ਵਿਸ਼ਾ:-ਟੀ.ਐਲ.ਐਮ. ਦੀ ਵਰਤੋਂ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੈ ਕਿ ਹਰੇਕ ਸਕੂਲ ਵਿੱਚ ਅਧਿਆਪਕ ਨੂੰ ਟੀ.ਐਲ.ਐਮ. ਦੀ ਗਰਾਂਟ ਜਾਰੀ ਕੀਤੀ ਜਾਂਦੀ ਹੈ ਪਰ ਦੇਖਣ ਵਿੱਚ ਅਕਸਰ ਇਹ ਆਇਆ ਹੈ ਕਿ ਅਧਿਆਪਕ ਸਮੇਂ ਸਿਰ ਇਹ ਗਰਾਂਟ ਖਰਚ ਨਹੀਂ ਕਰਦੇ ਜਿਸ ਕਰਕੇ ਟੀ.ਐਲ.ਐਮ. ਗਰਾਂਟ ਅਣਵਰਤੀ ਹੀ ਪਈ ਰਹਿੰਦੀ ਹੈ। ਜੋ ਕਿ ਸਰਵ ਸਿੱਖਿਆ ਅਭਿਆਨ ਦੇ ਵਿੱਤੀ ਨਿਯਮਾਂ ਦੀ ਸਰਾਸਰ ਉਲੰਘਣਾ ਹੈ। ਦੂਸਰਾ, ਬੱਚਿਆਂ ਨੂੰ ਵੀ ਇਸ ਦਾ ਕੋਈ ਫਾਇਦਾ ਨਹੀਂ ਹੁੰਦਾ। ਸੋ ਸਮੇਂ ਸਿਰ ਟੀ.ਐਲ.ਐਮ. ਗਰਾਂਟ ਨੂੰ ਖਰਚਣਾ ਅਧਿਆਪਕ ਦੀ ਜ਼ਿੰਮੇਵਾਰੀ ਹੈ।

3.0 ਪੰਜਾਬ ਰਾਜ ਦੇ ਸਮੂਹ ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸਕੈਂਡਰੀ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕਾਂ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਉਹ ਸਕੂਲਾਂ ਅੰਦਰ ਪਾਠਕ੍ਰਮ ਅਨੁਸਾਰ ਵਰਤੀ ਜਾਣ ਵਾਲੀ ਟੀ.ਐਲ.ਐਮ. ਤਿਆਰ ਕਰਕੇ ਬੱਚਿਆਂ ਨੂੰ ਟੀ.ਐਲ.ਐਮ. ਦੀ ਮਦਦ ਨਾਲ ਪੜ੍ਹਾਉਣ। ਅਧਿਆਪਕ ਬੱਚੇ ਦੇ ਪਾਠਕ੍ਰਮ ਅਨੁਸਾਰ ਟੀ.ਐਲ.ਐਮ. ਨੂੰ ਖੁਦ ਤਿਆਰ ਕਰਨ।

4.0 ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਅਧਿਆਪਕ ਨੂੰ ਟੀ.ਐਲ.ਐਮ. ਦੀ ਰਾਸ਼ੀ ਨੂੰ ਸਮੇਂ ਸਿਰ ਖਰਚ ਕਰਨ ਸਬੰਧੀ ਵੀ ਨਿਰੀਖਣ ਦੌਰਾਨ ਚੈੱਕ ਕਰਨਗੇ।

5.0 ਅਧਿਆਪਕ ਵੱਲੋਂ ਤਿਆਰ ਕੀਤੀ ਟੀ.ਐਲ.ਐਮ. ਅਤੇ ਖਰਚ ਕੀਤੀ ਜਾ ਰਹੀ ਰਾਸ਼ੀ ਬਾਰੇ ਰਿਪੋਰਟ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਦੁਆਰਾ ਹਰ ਮਹੀਨੇ ਕੀਤੀ ਜਾਵੇਗੀ। ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਹਰੇਕ ਮਹੀਨੇ ਇਸ ਦੀ ਰਿਪੋਰਟ ਮੁੱਖ ਦਫ਼ਤਰ ਨੂੰ ਮਹੀਨਾਵਾਰ ਮੀਟਿੰਗ ਵਿੱਚ ਕਰੇਗਾ।ਪ੍ਰੋਫਾਰਮਾ ਨਾਲ ਨੱਥੀ ਹੈ।

6.0 ਹੁਕਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**

ਪਿਠਅੰਕਣ ਨੰ:ਐਸਐਸਏ/ਐਮਸੀ/2009/80805-80826 ਮਿਤੀ:- 22.12.09

ਉਤਾਰਾ (1) ਸਮੂਹ ਸਰਕਲ ਸਿੱਖਿਆ ਅਫ਼ਸਰ।
(2) ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**

# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਅਤੇ
# ਸਟੇਟ ਪ੍ਰਾਜੈਕਟ ਡਾਇਰੈਕਟਰ, ਪੰਜਾਬ ਸਰਵ ਸਿੱਖਿਆ ਅਭਿਆਨ
# ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਸਕੂਲ ਦਾ ਨਾਂ.................................................ਜ਼ਿਲ੍ਹਾ

ਬਲਾਕ.....................ਮਿਤੀ....................

| ਲੜੀ ਨੰ. | ਚੈੱਕ ਕੀਤੀ ਗਈ ਜਮਾਤਾਂ ਦਾ ਵੇਰਵਾ | ਵਿਸ਼ਾ | ਅਧਿਆਪਕ ਦਾ ਨਾਂ | ਵਰਤੀ ਜਾ ਰਹੀ ਟੀ.ਐਲ.ਐਮ ਦਾ ਵੇਰਵਾ | ਅਧਿਆਪਕ ਦੁਆਰਾ ਤਿਆਰ ਕੀਤੀ ਗਈ ਟੀ.ਐਲ.ਐਮ. ਜਾਂ ਖਰੀਦੀ ਗਈ | ਸਾਲ 2009-10 ਵਿਚ ਮਿਲੀ ਗ੍ਰਾਂਟ ਦਾ ਵੇਰਵਾ | ਵਿਸ਼ੇਸ਼ ਕਥਨ |
|---|---|---|---|---|---|---|---|
| 1. | | | | | | | |
| 2. | | | | | | | |
| 3. | | | | | | | |
| 4. | | | | | | | |
| 5. | | | | | | | |
| 6. | | | | | | | |
| 7. | | | | | | | |
| 8. | | | | | | | |
| 9. | | | | | | | |
| 10. | | | | | | | |

ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਪੰਜਾਬ

ਸਕੂਲ ਮੁੱਖੀ ਦੇ ਹਸਤਾਖ਼ਰ

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)